ਬੈਕ ਆਫ ਬੜੋਦਾ ਜੋਨਲ ਆਫਿਸ (ਨਵੀ ਦਿੱਲੀ )

## ਸਬ-ਸਟਾਫ ਦੀ ਭਰਤੀ (2016)

ਬੈਂਕ ਆਫ ਬੜੋਦਾ, ਜੋਨਲ ਆਫਿਸ (ਨਵੀ ਦਿੱਲੀ), 8 ਮੰਜਿਲ, ਬੈਂਕ ਆਫ ਬੜੋਦਾ ਬਿਲਡਿੰਗ, 16 ਸੰਸਦ ਮਾਰਗ, ਨਵੀ ਦਿੱਲੀ-110001, ਵਲੋਂ ਆਪਣੀ ਬੈਂਕ ਸਰਵਿਸ ਲਈ ਸਬ-ਸਟਾਫ ਵਰਗ ਵਿੱਚ ਪੂਰੇ ਸਮੇਂ ਲਈ ਸਵੀਪਰ-ਕਮ-ਪੀਅਨ/ਪੀਅਨ ਦੀ ਨੌਕਰੀ ਲਈ ਦਰਖਾਸਤਾਂ ਦੀ ਹੇਠ ਲਿਖੇ ਅਨੁਸਾਰ ਮੰਗ ਕਰਦਾ ਹੈ :-

| ਰਾਜ/ਯੂ.ਟੀ. | ਅਸਾਮੀ | ਐਸ.ਸੀ. | ਐਸ.ਟੀ. | ੳ.ਬੀ.ਸੀ. | ਯੂ.ਆਰ* | ਕੁੱਲ | ਇਹਨਾਂ ਵਿੱਚੋਂ | | | |
|---|---|---|---|---|---|---|---|---|---|---|
| | | | | | | | ਐਕਸ ਸ | ਵੀ.ਆਈ | ਐਚ.ਆਈ. | ੳ.ਐਚ. |
| ਪੰਜਾਬ | ਸਵੀਪਰ ਕਮ ਪੀਅਨ | 14 | 00 | 09 | 33 | 56 | 16 | 01 | 00 | 01 |
| ਪੰਜਾਬ | ਪੀਅਨ | 00 | 00 | 00 | 04 | 04 | 01 | 00 | 00 | 00 |

ਅਨੁਵਾਦ : ਐਸ.ਸੀ-ਅਨਸੂਚਿਤ ਜਾਤੀ, ਐਸ.ਟੀ-ਅਨੁਸੂਚਿਤ ਜਨਜਾਤੀ, ੳ.ਬੀ.ਸੀ.- ਹੋਰ ਪੱਛੜੀਆ ਸ਼੍ਰੇਣੀਆ, ਯੂ.ਆਰ. ਅਨਰਿਸਰਵਡ, ੳ.ਐਚ. ੳਰਥੋਪੈਡੀਕਲੀ ਹੈਡੀਕੈਪਡ, ਵੀ.ਆਈ.- ਵਿਜੂਅਲੀ ਇੰਮਪੇਅਰਡ, ਐਚ.ਆਈ-ਹਿਅਰਿੰਗ ਇੰਮਪੇਅਰਡ, ਐਕਸ-ਐਸ-ਐਕਸ ਸਰਵਿਸ ਮੈਨ

ਆਖਰੀ ਚੁੱਣੇ ਗਏ ਉਮੀਦਵਾਰਾਂ ਨੂੰ ਉਕਤ ਅਸਾਮੀ ਦੇ ਅਧੀਨ ਬੈਂਕ ਦੀ ਪ੍ਰਸ਼ਾਸ਼ਨਿਕ ਸਹੂਲਤ ਮੁਤਾਬਿਕ ਕਿਸੇ ਵੀ ਜਿਲ੍ਹੇ ਵਿੱਚ ਨਿਯੁਕਤ ਕੀਤਾ ਜਾ ਸਕਦਾ ਹੈ ।

* ਜੋ ਉਮੀਦਵਾਰ ਐਸ.ਸੀ./ਐਸ.ਟੀ/ੳ.ਬੀ.ਸੀ ਵਰਗ ਨਾਲ ਸਬੰਧਤ ਹਨ ਉਹ ਅਨ-ਰਿਸਰਵਡ ਅਸਾਮੀ ਲਈ ਅਪਲਾਈ ਕਰ ਸਕਦੇ ਹਨ। ਇਸ ਲਈ ਜੋ ਹਿਦਾਇਤਾਂ ਅਨ-ਰਿਸਰਵਡ ਉਮੀਦਵਾਰਾਂ ਤੇ ਲਾਗੂ ਹਨ ਉਹ ਇਹਨਾ ਤੇ ਲਾਗੂ ਹਣੋਗੀਆ ।

ਰਿਜਰਵੇਸ਼ਨ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਦਿੱਤੀ ਜਾਵੇਗੀ ।

## ਯੋਗਤਾ ਮਾਪਦੰਡ

**ਉਮਰ ਹੱਦ:-**

ਉਮੀਦਵਾਰ ਨੇ ਮਿਤੀ 22-11-2016 ਤੱਕ 18 ਸਾਲ ਦੀ ਘੱਟੋ ਘੱਟ ਉਮਰ ਪੁਰੀ ਕਰ ਲਈ ਹੋਵੇ ਪਰ ਉਹ 26 ਸਾਲ ਦੀ ਉਮਰ ਤੋਂ ਜਿਆਦਾ ਨਾ ਹੋਵੇ, ਉਪਰਲੀ ਉਮਰ ਹੱਦ ਵਿੱਚ ਛੋਟ ਸਰਕਾਰ ਦੀਆ ਹਦਾਇਤਾਂ ਮੁਤਾਬਿਕ ਐਸ.ਸੀ./ਐਸ.ਟੀ/ੳ.ਬੀ.ਸੀ/ਪੀ.ਡਬਲਯੂ.ਡੀ/ਐਕਸ ਸਰਵਿਸ ਮੈਨ ਵਰਗ ਨੂੰ ਦਿੱਤੀ ਜਾਵੇਗੀ ।

**ਆਖਰੀ ਉਮਰ ਹੱਦ ਦੀ ਛੋਟ ਦਾ ਵੇਰਵਾ :-**

| ਲੜੀ ਨੰ. | ਵਰਗ | ਉਮਰ ਛੋਟ |
|---|---|---|
| 1. | ਜਨਰਲ (ਅਨ-ਰਿਸਰਵਡ ) | ਕੋਈ ਨਹੀ |
| 2. | ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਐਸ.ਸੀ/ਐਸ.ਟੀ | 5 ਸਾਲ |
| 3. | ਹੋਰ ਪੱਛੜੀਆ ਸ਼੍ਰੇਣੀਆ (ਨੋਨ-ਕ੍ਰੀਮੀ ਲੇਅਰ) | 3 ਸਾਲ |
| 4. | ਪਰਸਨ ਵਿਦ ਡਿਸਏਬਿਲਟੀ | 10 ਸਾਲ |
| 5. | ਵਿਧਵਾਵਾਂ/ ਤਲਾਕਸ਼ੁਦਾ ਔਰਤਾਂ ਅਤੇ ਉਹ ਔਰਤਾਂ ਜੋ ਕਾਨੂੰਨੀ ਤੌਰ ਤੇ ਆਪਣੇ ਪਤੀ ਤੋਂ ਅਲੱਗ ਹੋਈਆ ਹਨ ਅਤੇ ਜਿਨ੍ਹਾ ਨੇ ਵਿਆਹ ਨਹੀ ਕਰਵਾਇਆ | 9 ਸਾਲ |
| 6. | ਐਕਸ ਸਰਵਿਸਮੈਨ/ਅੰਗਹੀਣ ਐਕਸ ਸਰਵਿਸਮੈਨ | ਰੱਖਿਆ ਸੈਨਾਵਾ ਵਿੱਚ ਕੀਤੀ ਗਈ ਅਸਲ ਨੌਕਰੀ +3 ਸਾਲ (ਐਸ.ਸੀ/ਐਸ.ਟੀ ਨਾਲ ਸਬੰਧਤ ਐਕਸ-ਸਰਵਿਸਮੈਨਾਂ ਨੂੰ 8 ਸਾਲ) ਜਿਨ੍ਹਾ ਦੀ ਉਮਰ ਹੱਦ 50 ਸਾਲ ਹੈ |
| 7. | ਵਿਅਕਤੀ ਜੋ 1-1-1980 ਤੋਂ 31-12-1989 ਤੱਕ ਜੰਮੂ ਤੇ ਕਸ਼ਮੀਰ ਦੇ ਨਿਵਾਸੀ/ਡੋਮੀਸਾਇਲ ਸਨ | 5 ਸਾਲ |
| 8. | 1984 ਦੰਗਿਆ ਦੇ ਪ੍ਰਭਾਵਿਤ ਵਿਅਕਤੀ | 5 ਸਾਲ |
| 9. | ਯੂਨੀਅਨ ਕਾਰਬਾਇਡ ਫੈਕਟਰੀ, ਭੋਪਾਲ ਦੇ ਨਿਯਮਿਤ ਕਰਮਚਾਰੀ ਜੋ ਨੌਕਰੀ ਤੋਂ ਹਟਾਏ ਗਏ ਹਨ ? (ਸਿਰਫ ਮਧ ਪ੍ਰਦੇਸ਼ ਰਾਜ ਲਈ) | 5 ਸਾਲ |

ਨੋਟ:

(ੳ) ਐ.ਸੀ./ਐਸ.ਟੀ/ਓ.ਬੀ.ਸੀ. ਉਮੀਦਵਾਰਾਂ ਨੂੰ ਉਪਰਲੀ ਉਮਰ ਹੱਦ ਦੀ ਛੋਟ ਬਾਕੀ ਵਰਗ ਜਿਨ੍ਹਾਂ ਵਿੱਚ ਛੋਟ ਦੀ ਇਜਾਜਤ ਦਿੱਤੀ ਗਈ ਹੈ ਉਹਨਾਂ ਵਿੱਚੋਂ ਸਿਰਫ ਇੱਕ ਦੇ ਨਾਲ ਸੰਚਤ ਅਧਾਰ ਤੇ ਦਿੱਤੀ ਜਾਵੇਗੀ ।

(ਅ) ਦਰਸਾਈ ਗਈ ਉਪਰਲੀ ਉਮਰ ਹੱਦ 26 ਸਾਲ ਸਿਰਫ ਜਨਰਲ ਵਰਗ ਦੇ ਉਮੀਦਵਾਰਾਂ ਤੇ ਲਾਗੂ ਹੋਵੇਗੀ ।

**ਵਿਦਿਅਕ ਯੋਗਤਾ**

- 10 ਵੀ ਜਾਂ ਇਸਦੇ ਸਮਾਨ ਕਲਾਸ ਪਾਸ ਕੀਤੀ ਹੋਵੇ
- ਉਮੀਦਵਾਰ ਲੋਕਲ ਭਾਸਾਂ ਨੂੰ ਲਿਖਣ ਅਤੇ ਪੜ੍ਹਨ ਦੀ ਯੋਗਤਾ ਰੱਖਦਾ ਹੋਵੇ। ਅੰਗਰੇਜੀ ਭਾਸ਼ਾ ਦੀ ਜਾਣਕਾਰੀ ਨੂੰ ਵਾਧੂ ਮਧਮਾਨ ਮਿਲੇਗਾ ।

**ਅਰਜੀ ਫੀਸ**

ਅਰਜੀ ਫੀਸ/ ਸੂਚਨਾ ਦੇਣ ਦਾ ਖਰਚਾ ਹੇਠ ਲਿਖੇ ਅਨੁਸਾਰ ਅਦਾ ਕਰਨਯੋਗ ਹੋਵੇਗਾ

- ਰੁਪਏ 100/- ਐਸ.ਸੀ/ਐਸ.ਟੀ.ਪੀ.ਡਬਲਯੂ.ਡੀ/ਐਕਸ ਸਰਵਿਸਮੈਨ ਉਮੀਦਵਾਰਾਂ ਲਈ
- ਰੁਪਏ 400/- ਬਾਕੀਆ ਲਈ

**ਅਦਾਇਗੀ ਦਾ ਤਰੀਕਾ :**

1. ਆਨਲਾਇਨ ਅਦਾਇਗੀ : - (ਕਰੈਡਿਟ ਕਾਰਡ, ਡੈਬਿਟ ਕਾਰਡ ਅਤੇ ਨੈਟ ਬੈਂਕਿੰਗ ) ਬੈਂਕ ਟਰਾਂਸੈਕਸ਼ਨ ਚਾਰਜਜ ਦਰਖਾਸਤ ਦੀ ਫੀਸ/ਸੂਚਨਾ ਦੇਣ ਦਾ ਆਨ ਲਾਇਨ ਅਦਾਇਗੀ ਦਾ ਖਰਚਾ ਉਮੀਦਵਾਰ ਆਪ ਕਰਨਗੇ ।
2. ਆਫਲਾਇਨ ਅਦਾਇਗੀ (ਬੈਂਕ ਆਫ ਬੜੋਦਾ ਦੇ ਚਲਾਨ ਫਾਰਮ ਜਰੀਏ) :- ਆਨਲਾਇਨ ਪੋਰਟਲ ਤੇ ਫਾਰਮ ਪੂਰਾ ਭਰਨ ਤੇ, ਇੱਕ ਪੇ-ਇੰਨ ਸਲਿਪ ਫੀਸ ਦੀ ਅਦਾਇਗੀ ਲਈ ਮਿਲੇਗੀ (ਬੈਂਕ ਆਫ ਬੜੋਦਾ ਚਲਾਨ ਫਾਰਮ). ਸਿਰਫ ਇਹ ਪੇ. ਇੰਨ ਸਲਿਪ ਹੀ ਅਦਾਇਗੀ ਕਰਨ ਲਈ ਵਰਤੀ ਜਾਵੇਗੀ । ਬੈਂਕ ਆਫ ਬੜੋਦਾ ਦੀ ਨੇੜਲੀ ਬਰਾਂਚ ਤੇ ਜਾ ਕੇ ਇਸ ਪੇ-ਇੰਨ ਸਲਿਪ ਰਾਹੀ ਸਬੰਧਤ ਫੀਸ ਦੀ ਅਦਾਇਗੀ ਕੀਤੀ ਜਾਵੇ ।

**ਤਨਖਾਹ ਅਤੇ ਭੱਤੇ**

ਰੁਪਏ 9,560/- ਰੁਪਏ 18,545/- + ਡੀ.ਏ+ਐਚ.ਆਰ.ਏ+ਹੋਰ ਭੱਤੇ ਜਿਸ ਤਰਾਂ ਲਾਗੂ ਹੋਣਗੇ ।

**ਭਰਤੀ ਦੀ ਪਰਕ੍ਰਿਆ**

ਭਰਤੀ ਸਿਰਫ ਆਨਲਾਇਨ ਪ੍ਰੀਖਿਆ ਜਰੀਏ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ । ਪ੍ਰੀਖਿਆ ਦਾ ਤਰੀਕਾ ਜੋ ਆਨਲਾਇਨ ਲਈ ਜਾਵੇਗੀ ਇਸ ਤਰਾਂ ਹੈ :-

| ਲੜੀ ਨੰ. | ਟੋਪਿਕ/ਵਿਸ਼ਾ | ਕੁੱਲ ਨੰਬਰ | ਘੱਟੋ ਘੱਟ ਯੋਗਤਾ ਅੰਕ | ਕੁੱਲ ਸਮਾਂ |
|---|---|---|---|---|
| 1. | ਲੋਕਲ ਭਾਸ਼ਾ ਦੀ ਜਾਣਕਾਰੀ | 30 | 12 | **2 ਘੰਟੇ** |
| 2. | ਅੰਗਰੇਜੀ ਭਾਸ਼ਾ ਦੀ ਜਾਣਕਾਰੀ | 10 | 4 | |
| 3. | ਬੈਂਕ ਨਾਲ ਸਬੰਧਤ ਆਮ ਜਾਣਕਾਰੀ | 20 | 8 | |
| 4. | ਐਲੀਮੈਂਟਰੀ ਹਿਸਾਬ /ਅੰਕੀ ਯੋਗਤਾ | 20 | 8 | |
| 5. | ਸਾਇਕੋਮੈਟਰਿਕ ਟੈਸਟ | 20 | 8 | |
| | ਕੁੱਲ | 100 | 40 | |

* ਐਸ.ਸੀ/ਐਸ.ਟੀ ਵਰਗ ਨਾਲ ਸਬੰਧਤ ਉਮੀਦਵਾਰਾਂ ਨੂੰ 5% ਨੰਬਰਾਂ ਦੀ ਛੋਟ, ਸਰਕਾਰ ਦੀਆ ਹਦਾਇਤਾਂ ਮੁਤਾਬਿਕ ਦਿੱਤੀ ਜਾਵੇਗੀ ।

ਉਕਤ ਟੈਸਟਾਂ ਵਿੱਚੋਂ ਅੰਗਰੇਜੀ ਭਾਸ਼ਾ ਦੇ ਟੈਸਟ ਨੂੰ ਛੱਡ ਕੇ ਬਾਕੀ ਸਾਰਾ ਟੈਸਟ : ਅੰਗਰੇਜੀ ਅਤੇ ਪੰਜਾਬੀ ਵਿੱਚ ਉਪਲਬਧ ਹੋਵੇਗਾ (ਸਿਰਫ ਪੰਜਾਬ ਰਾਜ ਲਈ )

ਬੈਂਕ ਪ੍ਰੀਖਿਆ ਦੇ ਤਰੀਕੇ ਨੂੰ ਬਦਲਣ ਦੇ ਹੱਕ ਰਾਖਵੇ ਰੱਖਦਾ ਹੈ ਜੋ ਉਸਦੀ ਵੈਬਸਾਇਟ ਜਰੀਏ ਦੱਸਿਆਂ ਜਾਵੇਗਾ । ਹੋਰ ਪ੍ਰੀਖਿਆ ਸਬੰਧੀ ਜਾਣਕਾਰੀਆ ਹੈਂਡਆਊਂਟ ਵਿੱਚ ਦਿੱਤੀਆ ਹੋਣਗੀਆ ਉਹ ਉਮੀਦਵਾਰਾਂ ਨੂੰ ਕਾਲ ਲੈਟਰ ਜਰੀਏ ਭੇਜੀਆ ਜਾਣਗੀਆ ਜਾਂ ਇਹ ਬੈਂਕ ਦੀ ਵੈਬਸਾਇਟ ਤੇ ਉਪਲਬਧ ਹੋਣਗੀਆ ।

**ਦਾਅਵਾ :-**

ਉਮੀਦਵਾਰ ਵਲੋਂ ਗਲਤ ਜਾਣਕਾਰੀ ਦੇਣ ਜਾਂ ਐਪਲੀਕੇਸ਼ਨ ਫਾਰਮ ਪੂਰਾ ਨਾ ਭਰਨ ਦੀ ਸੂਰਤ ਵਿੱਚ ਉਮੀਦਵਾਰ ਦੀ ਉਮੀਦਵਾਰੀ ਕਿਸੇ ਸਮੇਂ ਵੀ ਖਾਰਿਜ ਕੀਤੀ ਜਾ ਸਕਦੀ ਹੈ ਅਤੇ ਇਸਤੋਂ ਬਾਅਦ ਉਹ ਬੈਂਕ ਦੀ ਕਿਸੇ ਵੀ ਪ੍ਰੀਖਿਆ ਵਿੱਚ ਭਵਿੱਖ ਵਿੱਚ ਦੁਬਾਰਾ ਭਾਗ ਨਹੀ ਲੈ ਸਕੇਗਾ । ਜੇਕਰ ਇਸ ਤਰਾਂ ਦੀ ਅਨਿਯਮਤਾਂ ਭਰਤੀ ਪ੍ਰਕਿਰਿਆ ਤੋਂ ਬਾਅਦ ਸਾਹਮਣੇ ਆਉਂਦੀ ਹੈ ਥਾ ਉਮੀਦਵਾਰ ਦੀ ਭਰਤੀ ਉਸ ਸਮੇਂ ਤੋਂ ਖਾਰਿਜ ਸਮਝੀ ਜਾਵੇਗੀ ਜਿਸ ਸਮੇਂ ਤੋਂ ਉਸਨੂੰ ਭਰਤੀ ਕੀਤਾ ਗਿਆ ਸੀ । ਬੈਕ ਇਸ ਤਰਾਂ ਦੀ ਭਰਤੀ ਨੂੰ ਬਿਨਾ ਕਿਸੇ ਕਾਰਨ ਦੱਸੇ ਖਾਰਿਜ ਕਰਨ ਦੇ ਹੱਕ ਰਾਖਵੇ ਰੱਖਦਾ ਹੈ ।

ਇਸ ਭਰਤੀ ਪ੍ਰਕਿਰਿਆ ਨਾਲ ਸਬੰਧਤ ਸਾਰੇ ਮਾਮਲਿਆ ਵਿੱਚ ਬੈਂਕ ਦਾ ਫੈਸਲਾ ਅੰਤਿਮ ਹੋਵੇਗਾ ਜੋ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ ।